ਉੱਠੋ ! ਜਾਗੋ !! ਅੱਗੇ ਵਧੋ !!!

*ਔਰਤਾਂ ਖਿਲਾਫ਼ ਹੋ ਰਹੇ ਘਿਣਾਉਣੇ ਜੁਰਮਾਂ ਖਿਲਾਫ਼ ਜ਼ੋਰਦਾਰ ਆਵਾਜ਼ ਬੁਲੰਦ ਕਰੋ !*

# ਔਰਤਾਂ ਦੀ ਜੁਝਾਰੂ ਜਨਤਕ ਲਹਿਰ ਖੜੀ ਕਰੋ !

**ਪਿਆਰੇ ਲੋਕੋ**, ਔਰਤਾਂ ਖਿਲਾਫ਼ ਹੋ ਰਹੇ ਘਿਣੌਣੇ ਅਪਰਾਧਾਂ ਨੇ ਦਿਲ ਹਲੂਣ ਦਿੱਤੇ ਹਨ। ਸਾਡੇ ਸਮਾਜ ਦਾ ਇਹ ਕੌੜਾ ਸੱਚ ਹੈ ਕਿ ਔਰਤਾਂ ਭਿਆਨਕ ਅਸੁਰੱਖਿਆ ਦੇ ਮਾਹੌਲ ਦਾ ਸਾਹਮਣਾ ਕਰ ਰਹੀਆਂ ਹਨ। ਦੁਨੀਆਂ ਦੀ ਸਭ ਤੋਂ ਵੱਡੀ "ਜਮਹੂਰੀਅਤ" ਅਖਵਾਉਣ ਵਾਲ਼ੇ ਇਸ ਦੇਸ਼ ਦੀ ਰਾਜਧਾਨੀ ਤੱਕ ਵਿੱਚ ਔਰਤਾਂ ਨੂੰ ਬਰਬਰ ਜਬਰ-ਜਨਾਹ ਝੱਲਣਾ ਪੈ ਰਿਹਾ ਹੈ। 16 ਦਸੰਬਰ ਇੱਕ ਪੈਰਾ ਮੈਡੀਕਲ ਵਿਦਿਆਰਥਣ ਨਾਲ਼ ਚਲਦੀ ਬੱਸ ਵਿੱਚ ਸਮੂਹਿਕ ਬਲਾਤਕਾਰ ਅਤੇ ਬੁਰੀ ਤਰ੍ਹਾਂ ਕੁੱਟਮਾਰ ਤੋਂ ਬਾਅਦ ਸੜਕ ਕਿਨਾਰੇ ਸੁੱਟ ਜਾਣ ਦੀ ਦਿਲ ਕੰਬਾਊ ਘਟਨਾ ਇਸਦੀ ਚੀਕਦੀ ਗਵਾਹ ਹੈ। ਪੰਜਾਬ ਵਿੱਚ ਸ਼ਰੁਤੀ ਅਗਵਾ ਕਾਂਡ, ਅੰਮ੍ਰਿਤਸਰ ਏ.ਐਸ.ਆਈ. ਕਤਲ ਕਾਂਡ, ਰਾਏਕੋਟ ਵਿਖੇ ਸਕੂਲ ਵਿਦਿਆਰਥਣ 'ਤੇ ਤੇਜ਼ਾਬ ਸੁੱਟਣਾ ਉਹ ਤਾਜ਼ਾ ਘਟਨਾਵਾਂ ਹਨ ਜੋ ਸੂਬੇ ਵਿੱਚ ਔਰਤਾਂ 'ਤੇ ਹੋ ਰਹੇ ਜ਼ਬਰ ਜੁਲਮ ਦੀਆਂ ਉਘੜਵੀਆਂ ਉਦਾਹਰਣਾਂ ਹਨ। ਹਰਿਆਣੇ ਤੋਂ ਵੀ ਲਗਾਤਾਰ ਅਜਿਹੀਆਂ ਬੁਰੀਆਂ ਖਬਰਾਂ ਆ ਰਹੀਆਂ ਹਨ।

ਬੇਇੱਜਤੀ, ਡਰਾਬੇ-ਧਮਕੀਆਂ, ਇਨਸਾਫ਼ ਮਿਲਣ ਦੀ ਨਾਉਮੀਦੀ ਜਿਹੇ ਅਨੇਕਾਂ ਕਾਰਨ ਹਨ ਜਿਨ੍ਹਾਂ ਕਾਰਨ ਔਰਤਾਂ ਖਿਲਾਫ਼ ਬਲਾਤਕਾਰ, ਛੇੜਖਾਨੀ ਆਦਿ ਜੁਰਮਾਂ ਦੀਆਂ ਵੱਡੀ ਬਹੁਗਿਣਤੀ ਘਟਨਾਵਾਂ ਦਬ ਕੇ ਰਹਿ ਜਾਂਦੀਆਂ ਹਨ। ਪਰ ਅਜਿਹੇ ਜੁਰਮਾਂ ਦੀਆਂ ਘਟਨਾਵਾਂ ਦੇ ਜੋ ਅੰਕੜੇ ਸਾਹਮਣੇ ਆਏ ਵੀ ਹਨ ਉਹਨਾਂ ਤੋਂ ਵੀ ਸਮਾਜ ਵਿੱਚ ਔਰਤਾਂ ਦੀ ਭਿਅੰਕਰ ਹੱਦ ਤੱਕ ਬਦਹਾਲ ਸਥਿਤੀ ਦਾ ਇੱਕ ਅੰਦਾਜਾ ਲਾਇਆ ਜਾ ਸਕਦਾ ਹੈ। **ਭਾਰਤ ਵਿੱਚ 54 ਮਿੰਟ ਵਿੱਚ ਇੱਕ ਬਲਾਤਕਾਰ, ਹਰ 26 ਮਿੰਟ ਵਿੱਚ ਛੇੜਛਾੜ, 43 ਮਿੰਟ ਵਿੱਚ ਇੱਕ ਔਰਤ ਅਗਵਾ, ਇੱਕ ਘੰਟਾ 42 ਮਿੰਟ ਬਾਅਦ ਦਾਜ ਕਾਰਨ ਮੌਤ ਅਤੇ ਹਰ 7 ਮਿੰਟ ਬਾਆਦ ਔਰਤਾਂ ਨਾਲ਼ ਕਿਸੇ ਨਾ ਕਿਸੇ ਕਿਸਮ ਦੀ ਅਪਰਾਧਕ ਘਟਨਾ ਵਾਪਰਦੀ ਹੈ। ਪੰਜਾਬ ਵਿੱਚ ਇਸੇ ਵਰ੍ਹੇ ਜਨਵਰੀ ਤੋਂ ਜੂਨ ਤੱਕ ਹੀ ਬਲਾਤਕਾਰ ਦੀਆਂ 776 ਘਟਨਾਵਾਂ ਵਾਪਰ ਚੁੱਕੀਆਂ ਹਨ।**

ਹਾਲ ਦੀਆਂ ਘਟਨਾਵਾਂ ਤੋਂ ਬਾਅਦ ਬਲਾਤਕਾਰ ਦੇ ਦੋਸ਼ੀਆਂ ਨੂੰ ਮੌਤ ਦੀ ਸਜਾ ਅਤੇ ਹੋਰ ਜ਼ੁਰਮਾਂ ਲਈ ਵੀ ਸਜਾਵਾਂ ਹੋਰ ਸਖਤ ਕੀਤੀਆਂ ਜਾਣ, ਫਾਸਟ ਟ੍ਰੈਕ ਅਦਾਲਤਾਂ ਰਾਹੀਂ ਅਜਿਹੇ ਕੇਸਾਂ ਦੀ ਨਿਪਟਾਰੇ ਕਰਨ, ਪੁਲਿਸ-ਪ੍ਰਸ਼ਾਸਨ ਪੱਧਰ 'ਤੇ ਕਾਰਵਾਈ ਲਈ ਢਾਂਚਾ ਚੁਸਤ-ਦਰੁਸਤ ਕੀਤੇ ਜਾਣ ਆਦਿ ਮੰਗਾਂ ਜ਼ੋਰਦਾਰ ਢੰਗ ਨਾਲ਼ ਉੱਠੀਆਂ ਹਨ। **ਇਸ ਵਿੱਚ ਕੋਈ ਸੱਕ ਨਹੀਂ ਕਿ ਇਹ ਸਭ ਕਦਮ ਚੁੱਕੇ ਜਾਣੇ ਚਾਹੀਦੇ ਹਨ, ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜਾਵਾਂ ਮਿਲਣੀਆਂ ਚਾਹੀਦੀਆਂ ਹਨ ਅਤੇ ਫ਼ੈਸਲੇ ਜਲਦ ਤੋਂ ਜਲਦ ਆਉਣੇ ਚਾਹੀਦੇ ਹਨ। ਪਰ ਔਰਤਾਂ ਖਿਲਾਫ਼ ਹੋ ਰਹੇ ਘਿਣਾਉਣੇ ਅਪਰਾਧਾਂ ਨੂੰ ਨਜਿੱਠਣ ਦਾ ਇਹ ਮਹੱਤਵਪੂਰਣ ਪੱਖ ਜ਼ਰੂਰ ਹੈ ਪਰ ਫਿਰ ਵੀ ਦੋਮ ਦਰਜੇ ਦਾ ਹੈ। ਸਭ ਤੋਂ ਵੱਧ ਅਣਸਰਦੀ ਜ਼ਰੂਰਤ ਔਰਤਾਂ ਦੀ ਇੱਕ ਵਿਆਪਕ, ਜੁਝਾਰੂ ਜਨਤਕ ਲਹਿਰ ਦੀ ਹੈ।** ਔਰਤਾਂ ਖਿਲਾਫ਼ ਘਿਣਾਉਣੇ ਅਪਰਾਧਾਂ ਦੀਆਂ ਤਾਜ਼ਾ ਘਟਨਾਵਾਂ ਖਿਲਾਫ਼ ਫੁੱਟੇ ਲੋਕ ਰੋਹ ਦੇ ਨਤੀਜੇ ਵਜੋਂ ਸਰਕਾਰ ਅਤੇ ਪ੍ਰਸ਼ਾਸਨ 'ਤੇ ਦਬਾਅ ਵਜੋਂ ਦੋਸ਼ੀਆਂ ਦੀਆਂ ਗ੍ਰਿਫਤਾਰੀਆਂ ਹੋਈਆਂ ਹਨ ਅਤੇ ਹੋਰ ਕਨੂੰਨੀ ਕਦਮ ਚੁੱਕੇ ਗਏ ਹਨ। ਪਰ ਜਿਆਦਾਤਰ ਮਾਮਲਿਆਂ ਵਿੱਚ ਅਜਿਹਾ ਨਹੀਂ ਹੁੰਦਾ। ਮਾਮਲਿਆਂ ਦੀਆਂ ਫਾਈਲਾਂ ਪੁਲਿਸ ਥਾਣਿਆਂ ਅਤੇ ਚੌਂਕੀਆਂ ਦੀ ਧੂੜ ਫੱਕਦੀਆਂ ਰਹਿ ਜਾਂਦੀਆਂ ਹਨ ਪਰ ਇਨਸਾਫ ਨਹੀਂ ਮਿਲਦਾ। ਜਿਹੜੇ ਮਾਮਲਿਆਂ ਵਿੱਚ ਦੋਸ਼ੀ ਫੜੇ ਵੀ ਜਾਂਦੇ ਹਨ ਉਨ੍ਹਾਂ 'ਚ ਵੀ ਪੀੜਤ ਲੋਕਾਂ ਅਦਾਲਤਾਂ ਦੇ ਫ਼ੈਸਲਿਆਂ ਦੀ ਉਡੀਕ ਕਦੇ ਖ਼ਤਮ ਨਹੀਂ ਹੁੰਦੀ।

**ਘਰ-ਪਰਿਵਾਰ ਤੋਂ ਲੈ ਕੇ ਪੂਰੇ ਜਨਤਕ ਜੀਵਨ ਵਿੱਚ ਔਰਤਾਂ ਦੇ ਰੂੜੀਵਾਦੀ, ਧਾਰਮਿਕ, ਪਿਛਾਂਹਖਿੱਚੂ ਕਦਰਾਂ-ਕੀਮਤਾਂ, ਰੀਤੀ-ਰਿਵਾਜਾਂ, ਸੰਸਥਾਵਾਂ ਭਾਵ ਜਗੀਰੂ ਸੱਭਿਆਚਾਰਕ ਤਾਣੇ ਬਾਣੇ ਦੀਆਂ ਸੰਗਲਾਂ ਵਿੱਚ ਬੱਝੀਆਂ ਹੋਈਆਂ ਹਨ। ਸਮਾਜ ਵਿੱਚ ਔਰਤਾਂ ਦਾ ਜੀਵਨ ਕੁਲ ਮਿਲਾ ਕੇ ਮਰਦਾਂ ਮੁਤਾਬਿਕ ਹੀ ਚੱਲਦਾ ਹੈ। ਔਰਤਾਂ ਦਾ ਕੰਮ "ਸੇਵਾ" ਕਰਨਾ ਹੈ, ਘਰ ਸੰਭਾਲਣਾ ਹੈ। ਜਾਇਦਾਦ ਦੇ ਵਾਰਸ ਪੈਦਾ ਕਰਨਾ ਹੈ, ਪੀੜ੍ਹੀ ਅੱਗੇ ਵਧਾਉਣਾ ਹੈ। ਔਰਤ ਦੀਆਂ ਇੱਛਾਵਾਂ, ਮਰਜੀ, ਉਸਦੀ ਅਜ਼ਾਦੀ ਦੀ ਤਾਂਘ ਖਿਲਾਫ਼ ਜਗੀਰੂ ਸੱਭਿਆਚਾਰ ਨਾਲ਼ ਗੜੁੱਚ ਵਿਆਪਕ ਸਮਾਜਕ ਤਾਣਾ ਬਾਣਾ ਖੜ੍ਹਾ ਹੈ। ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਭਾਰਤੀ ਸਮਾਜ ਵਿੱਚ ਔਰਤ ਦੇ ਮਨੁੱਖੀ ਜਮਹੂਰੀ ਹੱਕਾਂ ਦਾ ਹਰ ਕਦਮ 'ਤੇ ਬਲਾਤਕਾਰ ਹੁੰਦਾ ਹੈ, ਘਾਣ ਹੁੰਦਾ ਹੈ।**

ਭਾਰਤ ਵਿੱਚ ਹੋਏ ਸਰਮਾਏਦਾਰਾ ਵਿਕਾਸ ਵਜੋਂ ਕੁਝ ਹੱਦ ਤੱਕ ਔਰਤਾਂ 'ਤੇ ਜਗੀਰੂ ਸੱਭਿਆਚਾਰਕ ਦਾਬੇ ਵਿੱਚ ਕੁਝ ਕਮੀ ਆਈ ਹੈ। ਸਰਮਾਏਦਾਰਾ ਵਿਕਾਸ ਦੇ ਸੁਭਾਵਿਕ ਨਤੀਜੇ ਵਜੋਂ ਔਰਤਾਂ ਵਿੱਚ ਆਪਣੀ ਪਛਾਣ, ਅਜ਼ਾਦੀ, ਬਰਾਬਰੀ ਦੀ ਚੇਤਨਾ ਪੈਦਾ ਹੋਈ ਹੈ ਅਤੇ ਇਹ ਚੇਤਨਾ ਵੱਧਦੀ ਜਾਵੇਗੀ। ਪਰ ਕਿਸੇ ਵੀ ਪੱਧਰ ਦਾ ਸਰਮਾਏਦਾਰਾ ਵਿਕਾਸ ਔਰਤ ਨੂੰ ਅਜ਼ਾਦ ਨਹੀਂ ਕਰ ਸਕਦਾ। ਸਰਮਾਏਦਾਰਾ ਪ੍ਰਬੰਧ ਵਿੱਚ ਔਰਤਾਂ ਕੁਲ ਮਿਲਾ ਕੇ ਮੰਡੀ ਦੀ ਵਸਤੂ ਤੋਂ ਵੱਧ ਕੁਝ ਵੀ ਨਹੀਂ ਹੁੰਦੀਆਂ। ਉਹਨਾਂ ਦੀ ਸਸਤੀ ਕਿਰਤ, ਕੁਦਰਤੀ ਸੁੰਦਰਤਾ ਸਰਮਾਏਦਾਰੀ ਪ੍ਰਬੰਧ ਵਿੱਚ ਇੱਕ ਵਿਕਾਊ ਮਾਲ ਦੇ ਤੌਰ 'ਤੇ ਮੁਨਾਫ਼ਾ ਕਮਾਉਣ ਦਾ ਸਾਧਨ ਬਣ ਜਾਂਦਾ ਹੈ। ਇਹੋ ਕੁਝ ਭਾਰਤ ਵਿੱਚ ਵੀ ਹੋਇਆ ਹੈ। ਭਾਰਤ ਵਿੱਚ ਤਾਂ ਸਰਮਾਏਦਾਰੀ ਨੇ ਜਗੀਰੂ ਸੱਭਿਆਚਾਰਕ ਕਦਰਾਂ-ਕੀਮਤਾਂ, ਸੰਸਥਾਵਾਂ ਆਦਿ ਨਾਲ਼ ਤੋੜ-ਵਿਛੋੜਾ ਕਰਨ ਦੀ ਬਜਾਏ ਅਸਲ ਵਿੱਚ ਉਹਨਾਂ ਨਾਲ਼ ਖੁਦ ਨੂੰ ਘਿਉ-ਖਿਚੜੀ ਕਰ ਲਿਆ ਹੈ। ਭਾਰਤੀ ਸਰਮਾਏਦਾਰੀ ਦੀ ਇਸ ਕਾਰਗੁਜਾਰੀ ਦੀ ਵੱਧ ਮਾਰ ਔਰਤਾਂ 'ਤੇ ਪਈ ਹੈ। ਔਰਤਾਂ 'ਚੋਂ ਵੀ, ਇਹਨਾਂ ਹਾਲਤਾਂ ਦਾ ਸਭ ਤੋਂ ਵੱਧ ਸ਼ਿਕਾਰ ਕਿਰਤੀ ਜਮਾਤਾਂ ਦੀਆਂ ਔਰਤਾਂ ਹਨ।

ਪੱਛਮੀ ਦੇਸ਼ਾਂ ਵਿੱਚ ਵੀ ਔਰਤਾਂ ਮਰਦ ਪ੍ਰਧਾਨਤਾ ਦਾ ਸ਼ਿਕਾਰ ਹਨ ਅਤੇ ਉੱਥੇ ਵੀ ਔਰਤਾਂ ਖਿਲਾਫ਼ ਘਿਣੌਣੇ ਅਪਰਾਧ ਹੁੰਦੇ ਹਨ। ਜਦੋਂ ਤੱਕ ਸਰਮਾਏਦਾਰੀ ਰਹੇਗੀ, ਭਾਵ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਅਧਾਰਤ ਇਹ ਮੁਨਾਫ਼ੇ 'ਤੇ ਟਿਕਿਆ ਇਹ ਪ੍ਰਬੰਧ ਕਾਇਮ ਰਹੇਗਾ, ਜਦੋਂ ਤੱਕ ਨਿਜੀ ਸੰਪੱਤੀ ਅਤੇ ਜਿਣਸ ਪੈਦਾਵਾਰ ਕਾਇਮ ਰਹੇਗੀ ਉਦੋਂ ਤੱਕ ਔਰਤਾਂ ਦੀ ਸਥਿਤੀ ਸਮਾਜ ਵਿੱਚ ਦੂਸਰੇ ਦਰਜੇ ਦੀ ਹੀ ਰਹੇਗੀ। ਪਰ ਭਾਰਤ ਵਿੱਚ ਔਰਤਾਂ ਦੀ ਸਥਿਤੀ ਪੱਛਮੀ ਸਮਾਜਾਂ ਨਾਲ਼ੋਂ ਕਿਤੇ ਵੱਧ ਬੁਰੀ ਹੈ। ਪੱਛਮੀ ਦੇਸ਼ਾਂ ਵਿੱਚ ਜਿੱਥੇ ਜਗੀਰੂ ਸੱਭਿਆਚਾਰ ਨਾਂਹ ਦੇ ਬਰਾਬਰ ਹੈ, ਪੁਨਰਜਾਗਰਣ-ਪ੍ਰਬੋਧਨ-ਇਨਕਲਾਬਾਂ ਦੀ ਇੱਕ ਪ੍ਰਕਿਰਿਆ ਵਿੱਚ ਸਰਮਾਏਦਾਰੀ ਦਾ ਵਿਕਾਸ ਹੋਇਆ। ਇਨਕਲਾਬੀ ਸਰਮਾਏਦਾਰੀ ਦੀ ਅਗਵਾਈ ਵਿੱਚ 'ਬਰਾਬਰਤਾ, ਅਜ਼ਾਦੀ, ਭਾਈਚਾਰਾ" ਨਾਅਰੇ ਹੇਠ ਚੱਲੀਆਂ ਵਿਆਪਕ ਲੋਕ ਲਹਿਰਾਂ ਦੌਰਾਨ, ਜਗੀਰੂ ਪ੍ਰਬੰਧ ਨੂੰ ਉਲਟਾ ਕੇ ਸਰਮਾਏਦਾਰਾ ਪ੍ਰਬੰਧ ਕਾਇਮ ਹੋਣ ਦੌਰਾਨ, ਵਿਆਪਕ ਪੱਧਰ 'ਤੇ ਹੋਈ

ਸਮਾਜਿਕ ਉੱਥਲ-ਪੁਥਲ ਦੌਰਾਨ ਲੋਕ ਚੇਤਨਾ ਵਿੱਚ ਜਮਹੂਰੀ ਕਦਰਾਂ ਕੀਮਤਾਂ ਡੂੰਘੀਆਂ ਉੱਤਰ ਗਈਆਂ। ਬਾਅਦ ਵਿੱਚ ਸਰਮਾਏਦਾਰਾ ਪ੍ਰਬੰਧ ਦੇ ਹੋਰ ਵਿਕਾਸ ਕਾਰਨ, ਖਾਸ ਕਰਕੇ ਸਾਮਰਾਜਵਾਦੀ ਦੌਰ ਵਿੱਚ ਪੱਛਮੀ ਸਮਾਜਾਂ ਵਿੱਚ ਆਏ ਸਭਨਾਂ ਨਿਘਾਰਾਂ-ਵਿਗਾੜਾਂ ਦੇ ਬਾਵਜੂਦ ਲੋਕ ਚੇਤਨਾ ਵਿੱਚ ਜਮਹੂਰੀ ਚੇਤਨਾ ਅੱਜ ਵੀ ਕਾਇਮ ਹੈ। ਪੱਛਮੀ ਸਮਾਜਾਂ ਵਿੱਚ ਜਗੀਰੂ ਪ੍ਰਬੰਧ ਦੇ ਇਨਕਲਾਬੀ ਢੰਗ ਨਾਲ਼ ਖਤਮ ਕੀਤੇ ਜਾਣ ਦੀ ਪ੍ਰਕਿਰਿਆ ਦੌਰਾਨ ਔਰਤਾਂ ਦੀਆਂ ਵੀ ਆਪਣੀ ਪਛਾਣ, ਅਜ਼ਾਦੀ, ਬਰਾਬਰੀ ਲਈ ਸਮਾਜਕ ਲਹਿਰਾਂ ਚੱਲੀਆਂ। ਇਹ ਐਵੇਂ ਹੀ ਨਹੀਂ ਹੈ ਕਿ ਉਹਨਾਂ ਸਮਾਜਾਂ ਵਿੱਚ ਔਰਤਾਂ ਨੂੰ ਆਪਣੀ ਜ਼ਿੰਦਗੀ ਦੇ ਫੈਸਲੇ ਖੁਦ ਲੈ ਸਕਦੀਆਂ ਹਨ। ਪ੍ਰੇਮ ਕਰਨਾ, ਜੀਵਨ ਸਾਥੀ ਚੁਨਣਾ ਤੱਕ ਦੇ ਮਾਮਲਿਆਂ ਨੂੰ ਉਹਨਾਂ ਦੇ ਸਗੇ ਸਬੰਧੀ ਅਣਖ ਦਾ ਮਾਮਲਾ ਨਹੀਂ ਸਮਝਦੇ। ਉੱਥੇ ਔਰਤਾਂ ਨੂੰ ਵਹਿਸ਼ੀ ਨਜ਼ਰਾਂ ਨਾਲ਼ ਘੂਰੇ ਜਾਣ ਦਾ ਸਾਹਮਣਾ ਨਹੀਂ ਕਰਨਾ ਪੈਂਦਾ। ਪਰ ਭਾਰਤ ਵਿੱਚ ਇਸ ਤੋਂ ਬਿਲਕੁਲ ਉਲਟ ਸਥਿਤੀ ਹੈ। ਭਾਰਤ ਵਿੱਚ ਸਰਮਾਏਦਾਰੀ ਪ੍ਰਬੰਧ ਦਾ ਵਿਕਾਸ ਪੱਛਮੀ ਢੰਗ ਨਾਲ਼ ਨਹੀਂ ਹੋਇਆ। ਇੱਥੇ ਵੀ ਅਜਿਹਾ ਹੀ ਹੁੰਦਾ ਜੇਕਰ ਬਸਤੀਵਾਦ ਦੌਰਾਨ ਦਸਤਕਾਰੀ ਪੱਧਰ 'ਤੇ ਹੀ ਇਹ ਪ੍ਰਕਿਰਿਆ ਬਸਤੀਵਾਦੀ ਹਾਕਮਾਂ ਦੁਆਰਾ ਨਾ ਰੋਕ ਦਿੱਤੀ ਗਈ ਹੁੰਦੀ। ਇੱਥੇ ਸਰਮਾਏਦਾਰਾ ਵਿਕਾਸ ਬਸਤੀਵਾਦੀ ਅਤੇ ਉੱਤਰ-ਬਸਤੀਵਾਦੀ ਦੋਵੇਂ ਦੌਰਾਂ ਵਿੱਚ ਜਗੀਰਦਾਰੀ ਨਾਲ਼ ਕਦਮ-ਕਦਮ 'ਤੇ ਹੋਏ ਸਮਝੌਤਿਆਂ ਰਾਹੀਂ ਹੋਇਆ ਹੈ। ਬਸਤੀਵਾਦੀ-ਸਾਮਰਾਜਵਾਦੀ ਯੁੱਗ ਵਿੱਚ ਪਲੀ-ਵਧੀ ਭਾਰਤੀ ਸਰਮਾਏਦਾਰੀ ਬੁੱਢੀ, ਬੌਣੀ ਅਤੇ ਅਪਾਹਜ ਹੈ। ਜਗੀਰੂ ਸਮਾਜਕ ਕਦਰਾਂ-ਕੀਮਤਾਂ, ਆਰਥਿਕ, ਸਿਆਸੀ ਪ੍ਰਬੰਧ ਖਿਲਾਫ਼ ਵਿਆਪਕ ਜਾਗ੍ਰਿਤੀ, ਲੋਕ ਲਹਿਰਾਂ, ਇਨਕਲਾਬ ਵਿੱਚੋਂ ਨਾ ਲੰਘੇ ਹੋਣ ਕਰਕੇ ਭਾਰਤੀ ਸਮਾਜ ਵਿੱਚ ਜਮਹੂਰੀ ਕਦਰਾਂ-ਕੀਮਤਾਂ ਦੀ ਏਨੇ ਵੱਡੇ ਪੱਧਰ 'ਤੇ ਅਣਹੋਂਦ ਹੈ।

ਵੈਸੇ ਤਾਂ ਸਰਮਾਏਦਾਰਾ ਸੱਭਿਆਚਾਰ ਆਪਣੇ ਮੂਲ ਰੂਪ ਵਿੱਚ ਹੀ "ਖਾਓ-ਪਿਓ, ਐਸ਼ ਕਰੋ" ਦਾ ਉਪਭੋਗਤਾਵਾਦੀ ਸੱਭਿਆਚਾਰ ਹੁੰਦਾ ਹੈ ਪਰ ਸਰਮਾਏਦਾਰੀ ਸੱਭਿਆਚਾਰ ਦਾ ਇਹ ਲੱਛਣ ਸਾਮਰਾਜਵਾਦੀ ਦੌਰ ਵਿੱਚ ਹੋਰ ਵੱਧ ਉੱਘੜਵੇਂ ਅਤੇ ਵਿਆਪਕ ਰੂਪ ਵਿੱਚ ਸਾਹਮਣੇ ਆਇਆ ਹੈ। ਜਿਉਂ-ਜਿਉਂ ਸਰਮਾਏਦਾਰੀ ਵਿਕਾਸ ਕਰਦੀ ਗਈ, ਤਿਉਂ-ਤਿਉਂ ਵਾਫਰ ਪੈਦਾਵਾਰ ਦੇ ਇਸ ਦੇ ਢਾਂਚਾਗਤ ਸੰਕਟ ਵੀ ਡੂੰਘੇ ਅਤੇ ਵਿਆਪਕ ਹੁੰਦੇ ਗਏ। ਇਸ ਦੇ ਨਾਲ਼ ਨਾਲ਼ ਉਪਭੋਗਤਾਵਾਦੀ ਗਲਿਆ ਸੜਿਆ ਸੱਭਿਆਚਾਰ ਵੀ ਵੱਧਦਾ ਗਿਆ। ਸਰਮਾਏਦਾਰੀ ਜਿਸ ਤਰ੍ਹਾਂ ਹਰ ਕਾਸੇ ਦਾ ਵੱਧ ਤੋਂ ਵੱਧ ਜਿਣਸੀਕਰਨ ਕਰਦੀ ਜਾਂਦੀ ਹੈ ਉਸੇ ਤਰ੍ਹਾਂ ਔਰਤ ਦਾ ਵੀ ਵੱਧ ਤੋਂ ਵੱਧ ਜਿਣਸੀਕਰਨ ਹੁੰਦਾ ਗਿਆ ਹੈ। ਤਸਵੀਰਾਂ, ਗੀਤਾਂ, ਨਾਟਕਾਂ, ਫਿਲਮਾਂ, ਇਸ਼ਤਿਹਾਰਾਂ ਤੋਂ ਲੈ ਕੇ ਪੋਰਨੋਗ੍ਰਾਫ਼ੀ ਤੱਕ ਵਿੱਚ ਅੱਜ ਔਰਤ ਨੂੰ ਜਿਸ ਘ੍ਰਿਣਾਯੋਗ ਵੱਡੇ ਪੱਧਰ 'ਤੇ ਕਮਾਈ ਦੇ ਸਾਧਨ ਵਜੋਂ ਵਰਤਿਆ ਜਾ ਰਿਹਾ ਹੈ ਇਹ ਸਰਮਾਏਦਾਰੀ ਦੇ ਸਾਮਰਾਜਵਾਦੀ ਦੌਰ ਦਾ ਲੱਛਣ ਹੈ। ਪੱਛਮੀ ਸਮਾਜਾਂ ਵਿੱਚ ਪੈਦਾ ਹੋਏ ਗਲੇ-ਸੜੇ ਸੱਭਿਆਚਾਰ ਦਾ ਇਹੋ ਕਾਰਨ ਹੈ। **ਸੰਨ 1991 ਤੋਂ ਬਾਅਦ ਭਾਰਤ ਵਿੱਚ ਲਾਗੂ ਕੀਤੀਆਂ ਗਈਆਂ ਵਿਸ਼ਵੀਕਰਨ-ਉਦਾਰੀਕਰਨ ਦੀਆਂ ਨੀਤੀਆਂ ਦੇ ਨਾਲ਼ ਇਹ ਉਪਭੋਗਤਾਵਾਦੀ ਸੱਭਿਆਚਾਰ ਵੀ ਭਾਰਤ ਵਿੱਚ ਬਰਾਮਦ ਹੋਇਆ ਅਤੇ ਪਸਰਿਆ ਹੈ। ਇਸਦੇ ਮੁਕਾਬਲੇ ਪੱਛਮ ਦਾ ਉੱਨਤ, ਜਮਹੂਰੀ ਸੱਭਿਆਚਾਰ ਘੱਟ ਆਇਆ ਹੈ। ਗਲੇ-ਸੜੇ ਸਾਮਰਾਜਵਾਦੀ ਸੱਭਿਆਚਾਰ ਦੇ ਅਟੁੱਟ ਅੰਗ ਵਜੋਂ ਔਰਤਾਂ ਦੀ ਅਸ਼ਲੀਲ ਪੇਸ਼ਕਾਰੀ ਪ੍ਰਿੰਟ ਅਤੇ ਇਲੈਕਟ੍ਰਾਨਿਕ ਸਾਧਨਾਂ ਰਾਹੀਂ ਵੱਡੇ ਪੱਧਰ 'ਤੇ ਹੋਈ ਹੈ। ਇੰਟਰਨੈੱਟ ਅਤੇ ਹੋਰ ਸ੍ਰੋਤਾਂ ਰਾਹੀਂ ਪੋਰਨ ਫਿਲਮਾਂ-ਤਸਵੀਰਾਂ ਦਾ ਹੜ ਜਿਹਾ ਆ ਗਿਆ ਹੈ। ਅੱਜ ਬਹੁਤ ਘੱਟ ਅਜਿਹੇ ਨੌਜਵਾਨ ਹੋਣਗੇ ਜਿਹਨਾਂ ਦੇ ਮੋਬਾਈਲਾਂ ਵਿੱਚ ਪੋਰਨ ਫਿਲਮਾਂ-ਤਸਵੀਰਾਂ ਨਾ ਹੋਣ। ਜਗੀਰੂ ਕਦਰਾਂ ਕੀਮਤਾਂ ਦੀ ਔਰਤ ਵਿਰੋਧੀ ਮਾਨਸਿਕਤਾ ਇਸ ਸੜੇ ਗਲੇ ਸਾਮਰਾਜਵਾਦੀ ਸੱਭਿਆਚਾਰ ਨਾਲ਼ ਮਿਲ ਕੇ ਜੋ ਕਹਿਰ ਢਾਹ ਰਹੀ ਹੈ ਉਹ ਸਭ ਦੇ ਸਾਹਮਣੇ ਹੈ। ਔਰਤਾਂ ਖਿਲਾਫ਼ ਬਲਾਤਕਾਰ, ਛੇੜਛਾੜ, ਅਗਵਾ, ਤੇਜ਼ਾਬ ਸੁੱਟਣ ਆਦਿ ਦੀਆਂ ਘਟਨਾਵਾਂ ਵਿੱਚ ਲਗਾਤਾਰ ਹੋ ਰਿਹਾ ਵਾਧਾ ਇਸ ਸਭ ਕਾਸੇ ਦਾ ਭਿਆਨਕ ਨਤੀਜਾ ਹੈ।**

**ਔਰਤਾਂ ਦੀ ਸਮੁੱਚੀ ਮੁਕਤੀ ਤਾਂ ਜਿਣਸ ਪੈਦਾਵਾਰ ਅਤੇ ਨਿਜੀ ਸੰਪੱਤੀ ਦੇ ਮੁਕੰਮਲ ਖ਼ਾਤਮੇ ਨਾਲ਼ ਹੀ ਸੰਭਵ ਹੈ। ਸਰਮਾਏਦਾਰੀ ਪ੍ਰਬੰਧ ਨੂੰ ਕਿਸੇ ਵੀ ਢੰਗ ਨਾਲ਼ ਮਨੁੱਖਤਾ ਅਤੇ ਔਰਤ ਪੱਖੀ ਨਹੀਂ ਬਣਾਇਆ ਜਾ ਸਕਦਾ। ਪਰ ਇਸਦਾ ਇਹ ਮਤਲਬ ਨਹੀਂ ਕਿ ਇਨਕਲਾਬ ਤੱਕ ਹੱਥ 'ਤੇ ਹੱਥ ਧਰ ਕੇ ਬੈਠਿਆ ਜਾਵੇ।** ਜਿਵੇਂ ਲੁੱਟੇ-ਪੁੱਟੇ ਜਾਂਦੇ ਸਭਨਾਂ ਲੋਕਾਂ ਨੂੰ ਇਨਕਲਾਬ ਦੀ ਤਿਆਰੀ ਦੌਰਾਨ ਆਪਣੇ ਨਾਲ਼ ਕਦਮ ਕਦਮ 'ਤੇ ਹੋਣ ਵਾਲ਼ੀ ਹਰ ਪ੍ਰਕਾਰ ਦੀ ਲੁੱਟ, ਅਨਿਆਂ, ਜ਼ਬਰ ਖਿਲਾਫ਼ ਸੂਝ ਹਾਸਲ ਕਰਦੇ ਹੋਏ, ਜੱਥੇਬੰਦ ਹੁੰਦੇ ਹੋਏ ਜੁਝਾਰੂ ਸੰਘਰਸ਼ ਚਲਾਉਣਾ ਹੋਵੇਗਾ (ਅਤੇ ਔਰਤਾਂ ਇਸ ਸੰਘਰਸ਼ ਦਾ ਅਟੁੱਟ ਅੰਗ ਹੋਣਗੀਆਂ), ਉਸੇ ਤਰ੍ਹਾਂ ਔਰਤਾਂ ਨੂੰ ਮਰਦ ਪ੍ਰਧਾਨਤਾ ਖਿਲਾਫ਼, ਆਪਣੀ ਗੁਲਾਮੀ ਖਿਲਾਫ਼, ਅਜ਼ਾਦੀ ਅਤੇ ਬਰਾਬਰੀ ਲਈ ਮੁਕੰਮਲ ਮੁਕਤੀ ਲਈ ਸਮਾਜਕ ਇਨਕਲਾਬ ਦੀ ਤਿਆਰੀ ਦੌਰਾਨ ਆਪਣੇ ਨਾਲ਼ ਕਦਮ ਕਦਮ 'ਤੇ ਹੋਣ ਵਾਲ਼ੇ ਜਬਰ, ਜ਼ੁਲਮ, ਹੱਕਾਂ ਦੇ ਘਾਣ ਖਿਲਾਫ਼ ਸੂਝ ਹਾਸਲ ਕਰਨੀ ਹੋਵੇਗੀ, ਅਵਾਜ਼ ਬੁਲੰਦ ਕਰਨੀ ਹੋਵੇਗੀ। ਔਰਤਾਂ ਨੂੰ ਜੱਥੇਬੰਦ ਹੋਣਾ ਹੋਵੇਗਾ ਅਤੇ ਜੁਝਾਰੂ ਸੰਘਰਸ਼ ਚਲਾਉਣਾ ਹੋਵੇਗਾ। ਬਲਾਤਕਾਰ, ਛੇੜਛਾੜ, ਅਗਵਾ, ਤੇਜ਼ਾਬ ਸੁੱਟਣ ਆਦਿ ਅਪਰਾਧਾਂ ਖਿਲਾਫ਼ ਔਰਤਾਂ ਦੀਆਂ ਜਨਤਕ ਜੱਥੇਬੰਦੀਆਂ ਸੰਘਰਸ਼ ਤਾਂ ਕਰਨਗੀਆਂ ਹੀ ਸਗੋਂ ਔਰਤਾਂ ਦੀਆਂ ਜਨਤਕ ਜੱਥੇਬੰਦੀਆਂ ਅਤੇ ਹੋਰ ਵੰਨ-ਸੁਵੰਨੇ ਮੰਚਾਂ, ਮੁਹਿੰਮਾਂ ਰਾਹੀਂ ਘਰ-ਪਰਿਵਾਰ ਤੋਂ ਲੈ ਕੇ ਪੂਰੇ ਸਮਾਜਿਕ ਤਾਣੇ ਬਾਣੇ ਵਿੱਚ ਕਾਇਮ ਔਰਤਾਂ 'ਤੇ ਦਾਬੇ ਦੇ ਹਰ ਰੂਪ ਖਿਲਾਫ਼ ਵੀ ਸੂਝ ਪੈਦਾ ਕਰਨੀ ਹੋਵੇਗੀ ਅਤੇ ਸੰਘਰਸ਼ ਚਲਾਉਣਾ ਹੋਵੇਗਾ। ਸਭ ਤਰ੍ਹਾਂ ਦੇ ਧਾਰਮਿਕ ਕੱਟੜਪੰਥੀਆਂ, ਬਿਰਾਦਰੀਵਾਦੀਆਂ ਵੱਲੋਂ ਔਰਤਾਂ ਦੀ ਅਜ਼ਾਦੀ ਖਿਲਾਫ਼ ਲਗਾਤਾਰ ਹੋਣ ਵਾਲ਼ੇ ਹੱਲਿਆਂ ਖਿਲਾਫ਼ ਸੰਘਰਸ਼ ਚਲਾਉਣਾ ਹੋਵੇਗਾ। ਉਪਭੋਗਤਾਵੀ ਸਾਮਰਾਜਵਾਦੀ ਸੱਭਿਆਚਾਰ ਖਿਲਾਫ਼ ਸੰਘਰਸ਼ ਚਲਾਉਣਾ ਔਰਤਾਂ ਦੀ ਜਨਤਕ ਲਹਿਰ ਦਾ ਇੱਕ ਅਹਿਮ ਕਾਰਜ ਹੈ। ਬਰਾਬਰ ਕੰਮ ਦੀ ਬਰਾਬਰ ਤਨਖ਼ਾਹ, ਸਿੱਖਿਆ, ਰੁਜ਼ਗਾਰ, ਕਲਾ, ਵਿਗਿਆਨ ਆਦਿ ਹਰ ਖੇਤਰ ਵਿੱਚ ਸਾਜ਼ਗਾਰ ਮਾਹੌਲ ਤੇ ਢੁੱਕਵੇਂ ਮੌਕਿਆਂ ਲਈ ਲਹਿਰ ਖੜੀ ਕਰਨੀ ਹੋਵੇਗੀ। ਕਹਿਣ ਦੀ ਲੋੜ ਨਹੀਂ ਕਿ ਲੋਕਾਂ ਦੀਆਂ ਹੋਰ ਸਾਰੀਆਂ ਇਨਸਾਫ਼ਪਸੰਦ ਜੱਥੇਬੰਦੀਆਂ ਨੂੰ ਵੀ ਔਰਤਾਂ ਦੇ ਇਹਨਾਂ ਸਾਰੇ ਹੱਕਾਂ ਲਈ ਸੰਘਰਸ਼ ਕਰਨਾ ਹੋਵੇਗਾ ਅਤੇ ਕੁਝ ਹੱਦ ਤੱਕ ਇਹ ਹੁੰਦਾ ਆਇਆ ਹੈ ਪਰ ਔਰਤਾਂ ਦੀ ਵੱਖਰੀ ਜਨਤਕ ਲਹਿਰ, ਔਰਤਾਂ ਦੀਆਂ ਵੱਖਰੀਆਂ ਜਨਤਕ ਜੱਥੇਬੰਦੀਆਂ ਤੋਂ ਬਗੈਰ ਔਰਤਾਂ ਦੇ ਜਮਹੂਰੀ-ਮਨੁੱਖੀ ਹੱਕਾਂ ਲਈ ਸੰਘਰਸ਼ ਅੱਗੇ ਨਹੀਂ ਵੱਧ ਸਕਦਾ।

**ਜਿਨ੍ਹਾਂ ਦੇ ਦਿਲ ਔਰਤਾਂ ਖਿਲਾਫ਼ ਜਬਰ-ਜ਼ੁਲਮ-ਅਨਿਆਂ-ਜ਼ੁਰਮਾਂ ਨਾਲ਼ ਝੰਜੋੜੇ ਗਏ ਹਨ, ਜੋ ਔਰਤਾਂ ਲਈ ਇੱਕ ਬੇਹਤਰ, ਸਾਜ਼ਗਾਰ ਮਾਹੌਲ ਉਸਾਰਨਾ ਚਾਹੁੰਦੇ ਹਨ, ਅਸੀਂ ਉਹਨਾਂ ਸਾਰੀਆਂ ਔਰਤਾਂ ਨੂੰ, ਨੌਜਵਾਨਾਂ ਨੂੰ, ਸਭਨਾਂ ਇਨਸਾਫ਼ਪਸੰਦ ਲੋਕਾਂ ਨੂੰ ਸੱਦਾ ਦਿੰਦੇ ਹਾਂ ਕਿ ਆਓ, ਔਰਤਾਂ ਖਿਲਾਫ਼ ਹੋ ਰਹੇ ਜ਼ੁਰਮਾਂ ਖਿਲਾਫ਼ ਜ਼ੋਰਦਾਰ ਅਵਾਜ਼ ਬੁਲੰਦ ਕਰੀਏ। ਆਓ, ਔਰਤਾਂ ਦੀ ਵਿਆਪਕ ਜਨਤਕ ਲਹਿਰ ਉਸਾਰਨ ਲਈ ਅੱਗੇ ਆਈਏ।**

ਵੱਲੋਂ- **ਨੌਜਵਾਨ ਭਾਰਤ ਸਭਾ**

ਸੰਪਰਕ ਕਰੋ :
**98884-01288**

ਪ੍ਰਕਾਸ਼ਨ ਮਿਤੀ - 27 ਦਸੰਬਰ 2012